Part – B
General Knowledge & Current Affairs

51. Which space vehicle put man on the moon for the first time ?
(A) Apollo (B) Challenger (C) Columbia (D) Explorer
ਕਿਸ ਪੁਲਾੜ ਵਾਹਨ ਨੇ ਪਹਿਲੀ ਵਾਰ ਮਨੁੱਖ ਨੂੰ ਚੰਦਰਮਾ 'ਤੇ ਪਹੁੰਚਾਇਆ ?
(A) ਅਪੋਲੋ (B) ਚੈਲੰਜਰ (C) ਕੋਲੰਬੀਆ (D) ਐਕਸਪਲੋਰਰ

52. Which of the following is not one of the three Ratnas of Jainism ?
(A) Right Faith (B) Right Conduct
(C) Right View (D) Right Knowledge
ਹੇਠ ਲਿਖਿਆਂ ਵਿੱਚੋਂ ਕਿਹੜਾ ਜੈਨ ਧਰਮ ਦੇ ਤਿੰਨ ਰਤਨਾਂ ਵਿੱਚੋਂ ਇਕ ਨਹੀਂ ਹੈ ?
(A) ਸਹੀ ਵਿਸ਼ਵਾਸ (B) ਸਹੀ ਆਚਰਣ (C) ਸਹੀ ਦ੍ਰਿਸ਼ਟੀਕੋਣ (D) ਸਹੀ ਗਿਆਨ

53. Who is known as the 'Lady with the Lamp' ?
(A) Sarojini Naidu (B) Mother Teresa
(C) Florence Nightingale (D) Joan of Arc
'ਲੇਡੀ ਵਿਦ ਦੀ ਲੈਂਪ' ਵਜੋਂ ਕਿਸ ਨੂੰ ਜਾਣਿਆ ਜਾਂਦਾ ਹੈ ?
(A) ਸਰੋਜਨੀ ਨਾਇਡੂ (B) ਮਦਰ ਟੈਰੇਸਾ
(C) ਫਲੋਰੈਂਸ ਨਾਈਟਿੰਗੇਲ (D) ਜੋਨ ਆਫ ਆਰਕ

54. Naga, Khasi & Garo Hills are located in :
(A) Purvanchal Ranges (B) Karakoram Hills
(C) Zaskar Ranges (D) Himalayan Ranges
ਨਾਗਾ, ਖਾਸੀ ਅਤੇ ਗਾਰੋ ਪਹਾੜੀਆਂ ਕਿੱਥੇ ਸਥਿਤ ਹਨ ?
(A) ਪੂਰਵਾਂਚਲ ਪਰਬਤ ਲੜੀ (B) ਕਾਰਾਕੋਰਮ ਪਹਾੜੀਆਂ
(C) ਜ਼ਸਕਰ ਪਰਬਤ ਲੜੀ (D) ਹਿਮਾਲਿਆ ਪਰਬਤ ਲੜੀ

55. Which cricket team won Ranji Trophy title 2025-26 ?
(A) Madhya Pradesh (B) Karnataka
(C) Jammu & Kashmir (D) Saurashtra
ਕਿਸ ਕ੍ਰਿਕਟ ਟੀਮ ਨੇ ਰਣਜੀ ਟਰਾਫੀ ਖਿਤਾਬ 2025-26 ਜਿੱਤਿਆ ?
(A) ਮੱਧ ਪ੍ਰਦੇਸ਼ (B) ਕਰਨਾਟਕ (C) ਜੰਮੂ ਅਤੇ ਕਸ਼ਮੀਰ (D) ਸੌਰਾਸ਼ਟਰ

56. Which Article in the Indian Constitution mentions financial emergency ?
(A) Article 340 (B) Article 330 (C) Article 350 (D) Article 360
ਭਾਰਤੀ ਸੰਵਿਧਾਨ ਦੀ ਕਿਸ ਧਾਰਾ ਵਿੱਚ ਵਿੱਤੀ ਐਮਰਜੈਂਸੀ ਦਾ ਜ਼ਿਕਰ ਹੈ ?
(A) ਧਾਰਾ 340 (B) ਧਾਰਾ 330 (C) ਧਾਰਾ 350 (D) ਧਾਰਾ 360

57. The concept of directive principles of state policy in the Indian Constitution is adopted from
(A) USA & UK (B) USSR & China
(C) Japan & Korea (D) Ireland & Spain
ਭਾਰਤੀ ਸੰਵਿਧਾਨ ਵਿੱਚ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੀ ਧਾਰਨਾ ਕਿੱਥੋਂ ਅਪਣਾਈ ਗਈ ਹੈ :
(A) ਯੂ.ਐੱਸ.ਏ. ਅਤੇ ਯੂ.ਕੇ. (B) ਯੂ.ਐੱਸ.ਐੱਸ.ਆਰ. ਅਤੇ ਚੀਨ
(C) ਜਾਪਾਨ ਅਤੇ ਕੋਰੀਆ (D) ਆਇਰਲੈਂਡ ਅਤੇ ਸਪੇਨ

58. With reference to the Surface Water and Ocean Topography (SWOT) satellite mission, which of the following statements are true ?

1. The SWOT satellite is a joint mission of NASA and CNES.
2. It uses advanced radar interferometry to map ocean surface topography, indirectly helping in understanding the ocean floor.
3. SWOT directly maps the ocean floor using sonar technology similar to submarines.
4. The mission also measures surface water levels in rivers, lakes, and reservoirs.

Options :

(A) 1 & 3 Only (B) 2 & 4 only (C) All four (D) 1, 2 & 4 only

ਸਰਫੇਸ ਵਾਟਰ ਐਂਡ ਓਸ਼ੀਅਨ ਟੌਪੋਗ੍ਰਾਫੀ (SWOT) ਸੈਟੇਲਾਈਟ ਮਿਸ਼ਨ ਦੇ ਸੰਦਰਭ ਵਿੱਚ, ਹੇਠ ਲਿਖੇ ਕਥਨਾਂ ਵਿੱਚੋਂ ਕਿਹੜੇ ਸਹੀ ਹਨ ?

1. SWOT ਸੈਟੇਲਾਈਟ NASA ਅਤੇ CNES ਦਾ ਇੱਕ ਸਾਂਝਾ ਮਿਸ਼ਨ ਹੈ।
2. ਇਹ ਸਮੁੰਦਰੀ ਸਤਹ ਦੀ ਸਥਲ-ਰੂਪ ਰੇਖਾ ਦਾ ਨਕਸ਼ਾ ਬਣਾਉਣ ਲਈ ਉੱਨਤ ਰਾਡਾਰ ਇੰਟਰਫੇਰੋਮੈਟਰੀ ਦੀ ਵਰਤੋਂ ਕਰਦਾ ਹੈ, ਜੋ ਅਸਿੱਧੇ ਤੌਰ 'ਤੇ ਸਮੁੰਦਰੀ ਤਲ ਨੂੰ ਸਮਝਣ ਵਿੱਚ ਮਦਦ ਕਰਦਾ ਹੈ।
3. SWOT ਪਣਡੁੱਬੀਆਂ ਵਾਂਗ ਸੋਨਾਰ ਤਕਨੀਕ ਦੀ ਵਰਤੋਂ ਕਰਕੇ ਸਿੱਧੇ ਤੌਰ 'ਤੇ ਸਮੁੰਦਰੀ ਤਲ ਦਾ ਨਕਸ਼ਾ ਬਣਾਉਂਦਾ ਹੈ।
4. ਇਹ ਮਿਸ਼ਨ ਦਰਿਆਵਾਂ, ਝੀਲਾਂ ਅਤੇ ਜਲ ਭੰਡਾਰਾਂ ਵਿੱਚ ਸਤਹੀ ਪਾਣੀ ਦੇ ਪੱਧਰ ਨੂੰ ਵੀ ਮਾਪਦਾ ਹੈ।

ਵਿਕਲਪ :

(A) ਸਿਰਫ਼ 1 ਅਤੇ 3 (B) ਸਿਰਫ਼ 2 ਅਤੇ 4
(C) ਚਾਰੇ (D) ਸਿਰਫ਼ 1, 2 ਅਤੇ 4

59. Which of the following statements regarding the proposed Higher Education Commission of India (HECI) are correct ?

1. HECI is intended to replace the University Grants Commission (UGC).
2. HECI will have the authority to grant funds to higher educational institutions.
3. It aims to separate academic functions from funding functions in higher education governance.
4. It is proposed under the framework of the National Education Policy, 2020.

Options :

(A) 1 & 2 Only (B) 1, 3 & 4 only (C) All four (D) 2 & 4 only

ਭਾਰਤ ਦੇ ਪ੍ਰਸਤਾਵਿਤ ਉੱਚ ਸਿੱਖਿਆ ਕਮਿਸ਼ਨ (HECI) ਬਾਰੇ ਹੇਠ ਲਿਖੇ ਕਥਨਾਂ ਵਿੱਚੋਂ ਕਿਹੜੇ ਸਹੀ ਹਨ ?

1. HECI ਦਾ ਉਦੇਸ਼ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (UGC) ਦੀ ਥਾਂ ਲੈਣਾ ਹੈ।
2. HECI ਕੋਲ ਉੱਚ ਸਿੱਖਿਆ ਸੰਸਥਾਵਾਂ ਨੂੰ ਫੰਡ (ਰਾਸ਼ੀ) ਦੇਣ ਦਾ ਅਧਿਕਾਰ ਹੋਵੇਗਾ।
3. ਇਸ ਦਾ ਉਦੇਸ਼ ਉੱਚ ਸਿੱਖਿਆ ਪ੍ਰਸ਼ਾਸਨ ਵਿੱਚ ਅਕਾਦਮਿਕ ਕਾਰਜਾਂ ਨੂੰ ਫੰਡਿੰਗ ਕਾਰਜਾਂ ਤੋਂ ਵੱਖ ਕਰਨਾ ਹੈ।
4. ਇਹ ਰਾਸ਼ਟਰੀ ਸਿੱਖਿਆ ਨੀਤੀ, 2020 ਦੇ ਢਾਂਚੇ ਦੇ ਤਹਿਤ ਪ੍ਰਸਤਾਵਿਤ ਹੈ।

ਵਿਕਲਪ :

(A) ਸਿਰਫ਼ 1 ਅਤੇ 2 (B) ਸਿਰਫ਼ 1, 3 ਅਤੇ 4 (C) ਚਾਰੇ (D) ਸਿਰਫ਼ 2 ਅਤੇ 4

60. The Indus Waters Treaty was signed on :
(A) 19th September, 1960
(B) 18th September, 1960
(C) 19th August, 1960
(D) 18th August, 1960

ਸਿੰਧੂ ਜਲ ਸਮਝੌਤੇ 'ਤੇ ਕਦੋਂ ਦਸਤਖ਼ਤ ਕੀਤੇ ਗਏ ਸਨ ?
(A) 19 ਸਤੰਬਰ, 1960
(B) 18 ਸਤੰਬਰ, 1960
(C) 19 ਅਗਸਤ, 1960
(D) 18 ਅਗਸਤ, 1960

61. Which of the following statements best explains the basis of the Wladimir Köppen Climate Classification system ?
(A) It classifies climates solely based on latitude and altitude.
(B) It is based on the relationship between climate and natural vegetation using temperature and precipitation data.
(C) It primarily depends on atmospheric pressure belts and wind systems.
(D) It focuses only on seasonal variations in rainfall.

ਹੇਠਾਂ ਦਿੱਤੇ ਕਥਨਾਂ ਵਿੱਚੋਂ ਕਿਹੜਾ ਵਲਾਦੀਮੀਰ ਕੋਪੇਨ ਜਲਵਾਯੂ ਵਰਗੀਕਰਨ ਪ੍ਰਣਾਲੀ ਦੇ ਆਧਾਰ ਨੂੰ ਸਭ ਤੋਂ ਵਧੀਆ ਢੰਗ ਨਾਲ ਸਮਝਾਉਂਦਾ ਹੈ ?
(A) ਇਹ ਜਲਵਾਯੂ ਦਾ ਵਰਗੀਕਰਨ ਸਿਰਫ਼ ਅਕਸ਼ਾਂਸ਼ ਅਤੇ ਉਚਾਈ ਦੇ ਆਧਾਰ 'ਤੇ ਕਰਦਾ ਹੈ।
(B) ਇਹ ਤਾਪਮਾਨ ਅਤੇ ਵਰਖਾ ਦੇ ਅੰਕੜਿਆਂ ਦੀ ਵਰਤੋਂ ਕਰਕੇ ਜਲਵਾਯੂ ਅਤੇ ਕੁਦਰਤੀ ਬਨਸਪਤੀ ਵਿਚਕਾਰ ਸਬੰਧ 'ਤੇ ਆਧਾਰਿਤ ਹੈ।
(C) ਇਹ ਮੁੱਖ ਤੌਰ 'ਤੇ ਵਾਯੂਮੰਡਲ ਦੇ ਦਬਾਅ ਵਾਲੇ ਖੇਤਰਾਂ (ਬੈਲਟਾਂ) ਅਤੇ ਹਵਾ ਪ੍ਰਣਾਲੀਆਂ 'ਤੇ ਨਿਰਭਰ ਕਰਦਾ ਹੈ।
(D) ਇਹ ਸਿਰਫ਼ ਵਰਖਾ ਵਿੱਚ ਮੌਸਮੀ ਤਬਦੀਲੀਆਂ 'ਤੇ ਧਿਆਨ ਕੇਂਦਰਿਤ ਕਰਦਾ ਹੈ।

62. The unicameral parliament of which country is known as Knesset ?
(A) Finland (B) Israel (C) Turkey (D) Lebnon

ਕਿਸ ਦੇਸ਼ ਦੀ ਇਕ-ਸਦਨੀ ਸੰਸਦ ਨੂੰ 'Knesset' ਵਜੋਂ ਜਾਣਿਆ ਜਾਂਦਾ ਹੈ ?
(A) ਫਿਨਲੈਂਡ (B) ਇਜ਼ਰਾਈਲ (C) ਤੁਰਕੀ (D) ਲਿਬਨਾਨ

63. Which among the following Constitutional Amendment Act reduce the age of voting from 21 years to 18 years ?
(A) 59th Amendment Act
(B) 60th Amendment Act
(C) 61st Amendment Act
(D) 62nd Amendment Act

ਹੇਠ ਲਿਖਿਆਂ ਵਿੱਚੋਂ ਕਿਹੜਾ ਸੰਵਿਧਾਨਕ ਸੋਧ ਐਕਟ ਵੋਟਿੰਗ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਦਾ ਹੈ ?
(A) 59ਵੀਂ ਸੋਧ ਐਕਟ (B) 60ਵੀਂ ਸੋਧ ਐਕਟ (C) 61ਵੀਂ ਸੋਧ ਐਕਟ (D) 62ਵੀਂ ਸੋਧ ਐਕਟ

64. Dr. Subbanna Ayyapan, who passed away in 2025, played a key role in which revolution in India ?
(A) White Revolution
(B) Blue Revolution
(C) Green Revolution
(D) Yellow Revolution

ਡਾ. ਸੁਬੰਨਾ ਅਯੱਪਨ, ਜਿਨ੍ਹਾਂ ਦਾ 2025 ਵਿੱਚ ਦੇਹਾਂਤ ਹੋ ਗਿਆ, ਨੇ ਭਾਰਤ ਵਿੱਚ ਕਿਹੜੀ ਕ੍ਰਾਂਤੀ ਵਿੱਚ ਅਹਿਮ ਭੂਮਿਕਾ ਨਿਭਾਈ ?
(A) ਚਿੱਟੀ ਕ੍ਰਾਂਤੀ (B) ਨੀਲੀ ਕ੍ਰਾਂਤੀ (C) ਹਰੀ ਕ੍ਰਾਂਤੀ (D) ਪੀਲੀ ਕ੍ਰਾਂਤੀ

65. Tadoba-Andhari Tiger Reserve is located in which state ?
(A) Madhya Pradesh (B) Odisha (C) Karnataka (D) Maharashtra
ਟਡੋਬਾ-ਅੰਧਾਰੀ ਟਾਈਗਰ ਰਿਜ਼ਰਵ ਕਿਸ ਰਾਜ ਵਿੱਚ ਸਥਿਤ ਹੈ ?
(A) ਮੱਧ ਪ੍ਰਦੇਸ਼ (B) ਓਡੀਸ਼ਾ (C) ਕਰਨਾਟਕ (D) ਮਹਾਰਾਸ਼ਟਰ

66. Pope's pit viper, a snake species, is native to which region of India ?
(A) Northern and North-eastern (B) Western Ghats
(C) Eastern Ghats (D) Chotanagpur Plateau
'ਪੋਪਸ ਪਿਟ ਵਾਈਪਰ', ਜੋ ਕਿ ਸੱਪ ਦੀ ਇੱਕ ਪ੍ਰਜਾਤੀ ਹੈ, ਭਾਰਤ ਦੇ ਕਿਸ ਖੇਤਰ ਦੀ ਮੂਲ ਨਿਵਾਸੀ ਹੈ ?
(A) ਉੱਤਰੀ ਅਤੇ ਉੱਤਰ-ਪੂਰਬੀ (B) ਪੱਛਮੀ ਘਾਟ
(C) ਪੂਰਬੀ ਘਾਟ (D) ਛੋਟਾ ਨਾਗਪੁਰ ਪਠਾਰ

67. Louis Braille developed a system of finger reading in the year :
(A) 1823 (B) 1833 (C) 1843 (D) 1813
ਲੁਈਸ ਬਰੇਲ ਨੇ ਉਂਗਲਾਂ ਨਾਲ ਪੜ੍ਹਨ ਦੀ ਪ੍ਰਣਾਲੀ ਕਿਸ ਸਾਲ ਵਿੱਚ ਵਿਕਸਤ ਕੀਤੀ ਸੀ ?
(A) 1823 (B) 1833 (C) 1843 (D) 1813

68. A leak at the Union Carbide Plant, in Bhopal that lead to one of the worst industrial disasters in history occurred in the year :
(A) 1984 (B) 1985 (C) 1974 (D) 1975
ਭੋਪਾਲ ਵਿੱਚ ਯੂਨੀਅਨ ਕਾਰਬਾਈਡ ਪਲਾਂਟ ਵਿਖੇ ਹੋਈ ਗੈਸ ਲੀਕ, ਜਿਸ ਕਾਰਨ ਇਤਿਹਾਸ ਦੀਆਂ ਸਭ ਤੋਂ ਭਿਆਨਕ ਉਦਯੋਗਿਕ ਤਬਾਹੀਆਂ ਵਿੱਚੋਂ ਇੱਕ ਵਾਪਰੀ, ਕਿਸ ਸਾਲ ਵਿੱਚ ਹੋਈ ਸੀ ?
(A) 1984 (B) 1985 (C) 1974 (D) 1975

69. With reference to the Sahitya Akademi Awards 2025, which of the following statements are true ?
1. The awards recognize literary works in 24 Indian languages.
2. All the awards in 2025 were given only for novels and poetry.
3. Navtej Sarna received the award for an English novel titled *Crimson Spring*.
4. Each award carries a cash prize of ₹ 1 lakh along with a copper plaque and shawl.
Options :
(A) 1, 3 and 4 only (B) 1 and 2 only (C) 2, 3 and 4 only (D) 1, 2, 3 and 4
ਸਾਹਿਤ ਅਕਾਦਮੀ ਅਵਾਰਡ 2025 ਦੇ ਸੰਦਰਭ ਵਿੱਚ, ਹੇਠਾਂ ਦਿੱਤੇ ਕਥਨਾਂ ਵਿੱਚੋਂ ਕਿਹੜੇ ਠੀਕ ਹਨ ?
1. ਇਹ ਅਵਾਰਡ 24 ਭਾਰਤੀ ਭਾਸ਼ਾਵਾਂ ਵਿੱਚ ਸਾਹਿਤਕ ਰਚਨਾਵਾਂ ਨੂੰ ਮਾਨਤਾ ਦਿੰਦੇ ਹਨ।
2. 2025 ਵਿੱਚ ਸਾਰੇ ਅਵਾਰਡ ਸਿਰਫ਼ ਨਾਵਲਾਂ ਅਤੇ ਕਵਿਤਾਵਾਂ ਲਈ ਦਿੱਤੇ ਗਏ ਸਨ।
3. ਨਵਤੇਜ ਸਰਨਾ ਨੂੰ 'ਕ੍ਰਿਮਸਨ ਸਪਰਿੰਗ' ਨਾਮਕ ਅੰਗਰੇਜ਼ੀ ਨਾਵਲ ਲਈ ਅਵਾਰਡ ਮਿਲਿਆ।
4. ਹਰੇਕ ਅਵਾਰਡ ਦੇ ਨਾਲ 1 ਲੱਖ ਰੁ: ਦਾ ਨਕਦ ਇਨਾਮ ਅਤੇ ਨਾਲ ਹੀ ਤਾਂਬੇ ਦੀ ਤਖ਼ਤੀ ਅਤੇ ਸ਼ਾਲ ਦਿੱਤੀ ਜਾਂਦੀ ਹੈ।
ਵਿਕਲਪ :
(A) ਸਿਰਫ਼ 1, 3 ਅਤੇ 4 (B) ਸਿਰਫ਼ 1 ਅਤੇ 2 (C) ਸਿਰਫ਼ 2, 3 ਅਤੇ 4 (D) 1, 2, 3 ਅਤੇ 4

70. According to the Reserve Bank of India's report (2025), which two countries together accounted for over one-third of the total FDI in India ?
(A) United States & Singapore
(B) Mauritius & United Kingdom
(C) Singapore & Netherlands
(D) Japan & Germany

ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ (2025) ਅਨੁਸਾਰ, ਕਿਹੜੇ ਦੋ ਦੇਸ਼ਾਂ ਨੇ ਮਿਲ ਕੇ ਭਾਰਤ ਵਿੱਚ ਕੁੱਲ ਐੱਫ਼.ਡੀ.ਆਈ. ਦਾ ਇੱਕ-ਤਿਹਾਈ ਤੋਂ ਵੱਧ ਹਿੱਸਾ ਪਾਇਆ ?
(A) ਸੰਯੁਕਤ ਰਾਜ ਅਮਰੀਕਾ ਅਤੇ ਸਿੰਗਾਪੁਰ
(B) ਮਾਰੀਸ਼ਸ ਅਤੇ ਯੂਨਾਈਟਿਡ ਕਿੰਗਡਮ
(C) ਸਿੰਗਾਪੁਰ ਅਤੇ ਨੀਦਰਲੈਂਡ
(D) ਜਾਪਾਨ ਅਤੇ ਜਰਮਨੀ

71. India's first hydrogen-powered train flagged off between –
(A) Bhopal and Sonipat
(B) Jind and Sonipat
(C) Delhi and Ahmedabad
(D) Lucknow and Gorakhpur

ਭਾਰਤ ਦੀ ਪਹਿਲੀ ਹਾਈਡ੍ਰੋਜਨ-ਸੰਚਾਲਿਤ ਰੇਲਗੱਡੀ ਕਿਨ੍ਹਾਂ ਵਿਚਕਾਰ ਚਲਾਈ ਗਈ ਸੀ –
(A) ਭੋਪਾਲ ਅਤੇ ਸੋਨੀਪਤ
(B) ਜੀਂਦ ਅਤੇ ਸੋਨੀਪਤ
(C) ਦਿੱਲੀ ਅਤੇ ਅਹਿਮਦਾਬਾਦ
(D) ਲਖਨਊ ਅਤੇ ਗੋਰਖਪੁਰ

72. The SEED (Scheme for Economic Empowerment of DNTs) program was launched by which ministry ?
(A) Ministry of Tribal Affairs
(B) Ministry of Social Justice & Empowerment
(C) Ministry of Finance
(D) Ministry of Panchayati Raj

SEED (DNTs ਦੇ ਆਰਥਿਕ ਸਸ਼ਕਤੀਕਰਨ ਲਈ ਯੋਜਨਾ) ਪ੍ਰੋਗਰਾਮ ਕਿਸ ਮੰਤਰਾਲੇ ਦੁਆਰਾ ਸ਼ੁਰੂ ਕੀਤਾ ਗਿਆ ਸੀ ?
(A) ਕਬਾਇਲੀ ਮਾਮਲਿਆਂ ਦਾ ਮੰਤਰਾਲਾ
(B) ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ
(C) ਵਿੱਤ ਮੰਤਰਾਲਾ
(D) ਪੰਚਾਇਤੀ ਰਾਜ ਮੰਤਰਾਲਾ

73. What was the name of the first newspaper to announce the partition of Bengal in the month of July 1905 ?
(A) Swaraj
(B) Sanjivani
(C) Kalantar
(D) Anandbazar Patrika

ਜੁਲਾਈ 1905 ਦੇ ਮਹੀਨੇ ਵਿੱਚ ਬੰਗਾਲ ਦੀ ਵੰਡ ਦਾ ਐਲਾਨ ਕਰਨ ਵਾਲੇ ਪਹਿਲੇ ਅਖ਼ਬਾਰ ਦਾ ਕੀ ਨਾਮ ਸੀ ?
(A) ਸਵਰਾਜ
(B) ਸੰਜੀਵਨੀ
(C) ਕਾਲਾਂਤਰ
(D) ਆਨੰਦਬਾਜ਼ਾਰ ਪਤ੍ਰਿਕਾ

74. Who is the current president of the International Olympic Committee ?
(A) Kirsty Coventry
(B) Tedros Adhanom
(C) Thomas Bach
(D) Jean-Claude Juncker

ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਮੌਜੂਦਾ ਪ੍ਰਧਾਨ ਕੌਣ ਹਨ ?
(A) ਕਿਰਸਟੀ ਕੋਵੈਂਟਰੀ
(B) ਟੇਡਰੋਸ ਅਧਾਨੋਮ
(C) ਥਾਮਸ ਬਾਚ
(D) ਜੀਨ-ਕਲਾਉਡ ਜੰਕਰ

75. Which sport's competition was known as the "NatWest Pro40 League" ?
(A) Tennis
(B) Baseball
(C) Cricket
(D) Basketball

ਕਿਸ ਖੇਡ ਦੇ ਮੁਕਾਬਲੇ ਨੂੰ "ਨੈਟਵੈਸਟ ਪ੍ਰੋ40 ਲੀਗ" ਵਜੋਂ ਜਾਣਿਆ ਜਾਂਦਾ ਸੀ ?
(A) ਟੈਨਿਸ
(B) ਬੇਸਬਾਲ
(C) ਕ੍ਰਿਕਟ
(D) ਬਾਸਕਟਬਾਲ

Punjab History and Culture

76. Who among the following is the author of the famous story of *Heer* ?
(A) Bulleh Shah (B) Sultan Bahu (C) Shah Sharaf (D) Waris Shah
ਹੇਠ ਲਿਖਿਆਂ ਵਿੱਚੋਂ ਕੌਣ 'ਹੀਰ' ਦੇ ਪ੍ਰਸਿੱਧ ਕਿੱਸੇ ਦਾ ਲੇਖਕ ਹੈ ?
(A) ਬੁੱਲ੍ਹੇ ਸ਼ਾਹ (B) ਸੁਲਤਾਨ ਬਾਹੂ (C) ਸ਼ਾਹ ਸ਼ਰਫ (D) ਵਾਰਿਸ ਸ਼ਾਹ

77. Who among the following Gurus established the town Kirtpur ?
(A) Guru Hargobind Ji (B) Guru Tegh Bhadhur Ji
(C) Guru Gobind Singh Ji (D) Guru Har Rai Ji
ਹੇਠ ਲਿਖੇ ਗੁਰੂ ਸਾਹਿਬਾਨ ਵਿੱਚੋਂ ਕਿਸ ਨੇ ਕੀਰਤਪੁਰ ਸ਼ਹਿਰ ਦੀ ਸਥਾਪਨਾ ਕੀਤੀ ?
(A) ਗੁਰੂ ਹਰਗੋਬਿੰਦ ਜੀ (B) ਗੁਰੂ ਤੇਗ ਬਹਾਦਰ ਜੀ
(C) ਗੁਰੂ ਗੋਬਿੰਦ ਸਿੰਘ ਜੀ (D) ਗੁਰੂ ਹਰਿ ਰਾਇ ਜੀ

78. To which village, the great Sikh warrior woman Mai Bhago belonged ?
(A) Guru Ki Wadali (B) Jhabal (C) Muktsar (D) Kartarpur
ਮਹਾਨ ਸੂਰਬੀਰ ਸਿੱਖ ਇਸਤਰੀ ਮਾਈ ਭਾਗੋ ਦਾ ਸੰਬੰਧ ਕਿਸ ਪਿੰਡ ਨਾਲ ਸੀ ?
(A) ਗੁਰੂ ਕੀ ਵਡਾਲੀ (B) ਝਬਾਲ (C) ਮੁਕਤਸਰ (D) ਕਰਤਾਰਪੁਰ

79. At which of the Harappan site a dockyard has been found ?
(A) Kalibangan (B) Suktagendor (C) Lothal (D) Mohenjodaro
ਹੜੱਪਾ ਸੱਭਿਅਤਾ ਦੇ ਕਿਸ ਸਥਾਨ 'ਤੇ ਇੱਕ ਜਹਾਜ਼ ਘਾਟ ਮਿਲਿਆ ਹੈ ?
(A) ਕਾਲੀਬੰਗਾ (B) ਸੁਕਤਾਗੈਂਡੋਰ (C) ਲੋਥਲ (D) ਮੋਹਿੰਜੋਦੜੋ

80. The First Buddhist Council was held at :
(A) Patliputra (B) Vaishali (C) Rajgriha (D) Kundalvana
ਪਹਿਲੀ ਬੋਧੀ ਸਭਾ ਕਿੱਥੇ ਆਯੋਜਿਤ ਕੀਤੀ ਗਈ ਸੀ ?
(A) ਪਾਟਲੀਪੁੱਤਰ (B) ਵੈਸ਼ਾਲੀ (C) ਰਾਜਗ੍ਰਹਿ (D) ਕੁੰਡਲਵਨ

81. Which district amongst the following does not fall in the *Majha* area of Punjab ?
(A) Gurdaspur (B) Amritsar (C) Tarn Taran (D) Hoshiarpur
ਹੇਠ ਲਿਖਿਆਂ ਵਿੱਚੋਂ ਕਿਹੜਾ ਜ਼ਿਲ੍ਹਾ ਪੰਜਾਬ ਦੇ ਮਾਝਾ ਖੇਤਰ ਵਿੱਚ ਨਹੀਂ ਆਉਂਦਾ ?
(A) ਗੁਰਦਾਸਪੁਰ (B) ਅੰਮ੍ਰਿਤਸਰ (C) ਤਰਨ ਤਾਰਨ (D) ਹੁਸ਼ਿਆਰਪੁਰ

82. Who among the following was not the son of Maharaja Ranjit Singh ?
(A) Kharak Singh (B) Duleep Singh
(C) Sher Singh (D) Nau Nihal Singh
ਹੇਠ ਲਿਖਿਆਂ ਵਿੱਚੋਂ ਕੌਣ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਨਹੀਂ ਸੀ ?
(A) ਖੜਕ ਸਿੰਘ (B) ਦਲੀਪ ਸਿੰਘ (C) ਸ਼ੇਰ ਸਿੰਘ (D) ਨੌਨਿਹਾਲ ਸਿੰਘ

83. Who among the following French soldier and adventurer was hired by Maharaja Ranjit Singh to train his army ?
(A) Jean-Baptiste Ventura (B) Claude August Court
(C) Paolo Di Avitabile (D) Jean-François Allard
ਹੇਠ ਲਿਖੇ ਫਰਾਂਸੀਸੀ ਸਿਪਾਹੀ ਅਤੇ ਸਾਹਸੀ ਵਿਅਕਤੀਆਂ ਵਿੱਚੋਂ ਕਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਨੂੰ ਸਿਖਲਾਈ ਦੇਣ ਲਈ ਨਿਯੁਕਤ ਕੀਤਾ ਸੀ ?
(A) ਜੀਨ-ਬੈਪਟਿਸਟ ਵੈਂਤੂਰਾ (B) ਕਲਾਉਡ ਆਗਸਟ ਕੋਰਟ
(C) ਪਾਓਲੋ ਡੀ ਅਵਿਤਾਬਿਲੇ (D) ਜੀਨ-ਫ੍ਰਾਂਸੋਇਸ ਅਲਾਰਡ

84. When & where the First Singh Sabha was founded ?
(A) Amritsar 1877 (B) Lahore 1877
(C) Lahore 1873 (D) Amritsar 1873
ਪਹਿਲੀ ਸਿੰਘ ਸਭਾ ਦੀ ਸਥਾਪਨਾ ਕਦੋਂ ਤੇ ਕਿੱਥੇ ਕੀਤੀ ਗਈ ਸੀ ?
(A) ਅੰਮ੍ਰਿਤਸਰ 1877 (B) ਲਾਹੌਰ 1877 (C) ਲਾਹੌਰ 1873 (D) ਅੰਮ੍ਰਿਤਸਰ 1873

85. Which of the following places did Guru Nanak Dev Ji not visit ?
(A) Ceylon (B) Tibet (C) Baghdad (D) Rome
ਹੇਠ ਲਿਖੀਆਂ ਥਾਵਾਂ ਵਿੱਚੋਂ ਕਿਹੜੀ ਥਾਂ 'ਤੇ ਗੁਰੂ ਨਾਨਕ ਦੇਵ ਜੀ ਨਹੀਂ ਗਏ ਸਨ ?
(A) ਸਿਲੋਨ (B) ਤਿੱਬਤ (C) ਬਗ਼ਦਾਦ (D) ਰੋਮ

86. The Vadda Ghalughara took place in the year –
(A) 1761 (B) 1762 (C) 1763 (D) 1746
ਵੱਡਾ ਘੱਲੂਘਾਰਾ ਕਿਸ ਸਾਲ ਵਾਪਰਿਆ ਸੀ ?
(A) 1761 (B) 1762 (C) 1763 (D) 1746

87. Lahore was occupied by Maharaja Ranjit Singh after defeating :
(A) Bhangis (B) Kanyhias (C) Nakkais (D) Ahluwalias
ਮਹਾਰਾਜਾ ਰਣਜੀਤ ਸਿੰਘ ਨੇ ਕਿਸ ਨੂੰ ਹਰਾ ਕੇ ਲਾਹੌਰ 'ਤੇ ਕਬਜ਼ਾ ਕੀਤਾ ਸੀ ?
(A) ਭੰਗੀਆਂ ਨੂੰ (B) ਕਨ੍ਹਈਆਂ ਨੂੰ
(C) ਨਕਈਆਂ ਨੂੰ (D) ਆਹਲੂਵਾਲੀਆਂ ਨੂੰ

88. Who was the chairman of the Boundary Commission set up in June 1947 to divide the provinces of Punjab and Bengal between India and Pakistan ?

(A) Panderel Moon
(B) Mehar Chand Mahajan
(C) Evan Jenkins
(D) Cyril Redcliff

ਭਾਰਤ ਅਤੇ ਪਾਕਿਸਤਾਨ ਵਿਚਕਾਰ ਪੰਜਾਬ ਅਤੇ ਬੰਗਾਲ ਦੇ ਸੂਬਿਆਂ ਦੀ ਵੰਡ ਲਈ ਜੂਨ 1947 ਵਿੱਚ ਗਠਿਤ 'ਹੱਦਬੰਦੀ ਕਮਿਸ਼ਨ' (ਬਾਊਂਡਰੀ ਕਮਿਸ਼ਨ) ਦਾ ਚੇਅਰਮੈਨ ਕੌਣ ਸੀ ?

(A) ਪੈਂਡਰੇਲ ਮੂਨ
(B) ਮੇਹਰ ਚੰਦ ਮਹਾਜਨ
(C) ਈਵਨ ਜੇਨਕਿਨਜ਼
(D) ਸਿਰਿਲ ਰੈਡਕਲਿਫ

89. Partition Museum dedicated to the lives of sufferers of Partition is situated at _____.

(A) Kartarpur
(B) Chandigarh
(C) Amritsar
(D) Anandpur Sahib

ਵੰਡ ਦੇ ਪੀੜਤਾਂ ਦੇ ਜੀਵਨ ਨੂੰ ਸਮਰਪਿਤ ਪਾਰਟੀਸ਼ਨ ਮਿਊਜ਼ੀਅਮ ਕਿੱਥੇ ਸਥਿਤ ਹੈ ?

(A) ਕਰਤਾਰਪੁਰ
(B) ਚੰਡੀਗੜ੍ਹ
(C) ਅੰਮ੍ਰਿਤਸਰ
(D) ਅਨੰਦਪੁਰ ਸਾਹਿਬ

90. In 1917, the Government of India appointed Sedition Committee to investigate the 'Revolutionary Crimes' under the Chairmanship of _____.

(A) Sidney A.T. Rowlatt
(B) Panderel Moon
(C) Cyril Redcliff
(D) Lord Minto

1917 ਵਿੱਚ, ਭਾਰਤ ਸਰਕਾਰ ਨੇ 'ਇਨਕਲਾਬੀ ਅਪਰਾਧਾਂ' ਦੀ ਜਾਂਚ ਕਰਨ ਲਈ _____ ਦੀ ਪ੍ਰਧਾਨਗੀ ਹੇਠ 'ਸੈਡੀਸ਼ਨ ਕਮੇਟੀ' (ਦੇਸ਼-ਧ੍ਰੋਹ ਕਮੇਟੀ) ਨਿਯੁਕਤ ਕੀਤੀ।

(A) ਸਿਡਨੀ ਏ.ਟੀ. ਰੋਲਟ (B) ਪੈਂਡਰੇਲ ਮੂਨ (C) ਸਿਰਿਲ ਰੈਡਕਲਿਫ (D) ਲਾਰਡ ਮਿੰਟੋ

91. Who among the following was the president of Hindustani Association of the Pacific Coast ?

(A) Sohan Singh Bhakhna
(B) Lala Hardayal
(C) Harnam Singh Tundilat
(D) Baba Gurdit Singh

ਹੇਠ ਲਿਖਿਆਂ ਵਿੱਚੋਂ ਕੌਣ 'ਹਿੰਦੁਸਤਾਨੀ ਐਸੋਸੀਏਸ਼ਨ ਆਫ਼ ਦ ਪੈਸੀਫਿਕ ਕੋਸਟ' ਦਾ ਪ੍ਰਧਾਨ ਸੀ ?

(A) ਸੋਹਣ ਸਿੰਘ ਭਕਨਾ
(B) ਲਾਲਾ ਹਰਦਿਆਲ
(C) ਹਰਨਾਮ ਸਿੰਘ ਟੁੰਡੀਲਾਟ
(D) ਬਾਬਾ ਗੁਰਦਿੱਤ ਸਿੰਘ

92. Who among the following died during hunger strike by Bhagat Singh and his associates in jail ?

(A) Shiv Verma
(B) Khudi Ram
(C) Master Amir Chand
(D) Jatin Das

ਜੇਲ੍ਹ ਵਿੱਚ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੀਤੀ ਗਈ ਭੁੱਖ-ਹੜਤਾਲ ਦੌਰਾਨ ਹੇਠ ਲਿਖਿਆਂ ਵਿੱਚੋਂ ਕਿਸ ਦੀ ਮੌਤ ਹੋ ਗਈ ਸੀ ?

(A) ਸ਼ਿਵ ਵਰਮਾ (B) ਖ਼ੁਦੀ ਰਾਮ (C) ਮਾਸਟਰ ਅਮੀਰ ਚੰਦ (D) ਜਤਿਨ ਦਾਸ

93. There are three fractions, namely, X, Y, and Z. The average of X, Y, & Z is $\frac{1}{12}$. If $X = \frac{1}{4}$, $Y = \frac{1}{6}$, find the value of Z.

(A) $-\frac{1}{6}$ (B) $\frac{1}{6}$ (C) $\frac{1}{3}$ (D) $-\frac{1}{3}$

X, Y ਅਤੇ Z ਨਾਮ ਦੀਆਂ ਤਿੰਨ ਭਿੰਨਾਤਮਕ ਸੰਖਿਆਵਾਂ ਹਨ । X, Y ਅਤੇ Z ਦੀ ਔਸਤ $\frac{1}{12}$ ਹੈ । ਜੇਕਰ $X = \frac{1}{4}$, $Y = \frac{1}{6}$ ਹੈ, ਤਾਂ Z ਦਾ ਮੁੱਲ ਪਤਾ ਕਰੋ ।

(A) $-\frac{1}{6}$ (B) $\frac{1}{6}$ (C) $\frac{1}{3}$ (D) $-\frac{1}{3}$

94. Ruby receives ₹ 60 for the first week and ₹ 3 more each week than the preceding week. What will be her earnings by the 20th week ?

(A) ₹ 1,570 (B) ₹ 2,570 (C) ₹ 1,660 (D) ₹ 1,770

ਰੂਬੀ ਨੂੰ ਪਹਿਲੇ ਹਫ਼ਤੇ 60 ਰੁਪਏ ਮਿਲਦੇ ਹਨ ਅਤੇ ਹਰ ਹਫ਼ਤੇ ਪਿਛਲੇ ਹਫ਼ਤੇ ਨਾਲੋਂ 3 ਰੁਪਏ ਵੱਧ ਮਿਲਦੇ ਹਨ । 20ਵੇਂ ਹਫ਼ਤੇ ਤੱਕ ਉਸ ਦੀ ਕਮਾਈ ਕਿੰਨੀ ਹੋਵੇਗੀ ?

(A) ₹ 1,570 (B) ₹ 2,570 (C) ₹ 1,660 (D) ₹ 1,770

(Question No. **95-98**) Study the graph and table given below and answer the following questions :


Total population of the seven states, namely, Assam, Manipur, Haryana, Gujarat, Uttar Pradesh, Punjab and Tripura in the year 2025 = 3276000

Data of different states regarding population of states is as follows :

(ਪ੍ਰਸ਼ਨ ਨੰਬਰ **95-98**) ਹੇਠਾਂ ਦਿੱਤੇ ਗਰਾਫ਼ ਅਤੇ ਸਾਰਨੀ ਦਾ ਅਧਿਐਨ ਕਰੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

ਸਾਲ 2025 ਵਿੱਚ ਸੱਤ ਰਾਜਾਂ - ਅਸਾਮ, ਮਣੀਪੁਰ, ਹਰਿਆਣਾ, ਗੁਜਰਾਤ, ਉੱਤਰ ਪ੍ਰਦੇਸ਼, ਪੰਜਾਬ ਅਤੇ ਤ੍ਰਿਪੁਰਾ ਦੀ ਕੁੱਲ ਆਬਾਦੀ = 3276000 ਹੈ ।

ਰਾਜਾਂ ਦੀ ਆਬਾਦੀ ਬਾਰੇ ਵੱਖ-ਵੱਖ ਰਾਜਾਂ ਦਾ ਡਾਟਾ ਇਸ ਪ੍ਰਕਾਰ ਹੈ :



States ਰਾਜ	Gender and Literacy wise Population Ratio ਲਿੰਗ ਅਤੇ ਸਾਖਰਤਾ ਦੇ ਆਧਾਰ 'ਤੇ ਆਬਾਦੀ ਦਾ ਅਨੁਪਾਤ			
	Gender ਲਿੰਗ		Literacy ਸਾਖਰਤਾ	
	Male ਪੁਰਸ਼	Female ਔਰਤਾਂ	Literate ਸਾਖਰ	Illiterate ਅਸਾਖਰ
Assam / ਅਸਾਮ	5	3	2	7
Manipur / ਮਣੀਪੁਰ	3	1	1	4
Haryana / ਹਰਿਆਣਾ	2	3	2	1
Gujarat / ਗੁਜਰਾਤ	3	5	3	2
Uttar Pradesh / ਉੱਤਰ ਪ੍ਰਦੇਸ਼	3	4	5	1
Punjab / ਪੰਜਾਬ	3	2	7	2
Tripura / ਤ੍ਰਿਪੁਰਾ	3	4	9	4

95. Find the percentage of total number of males in the states of Punjab, Manipur and Gujarat together to the total population of all the seven states.

(A) 25.5% (B) 27.5% (C) 28.5% (D) 32.5%

ਪੰਜਾਬ, ਮਣੀਪੁਰ ਅਤੇ ਗੁਜਰਾਤ ਰਾਜਾਂ ਵਿੱਚ ਪੁਰਸ਼ਾਂ ਦੀ ਕੁੱਲ ਗਿਣਤੀ ਦਾ ਸਾਰੇ ਸੱਤ ਰਾਜਾਂ ਦੀ ਕੁੱਲ ਆਬਾਦੀ ਨਾਲ ਪ੍ਰਤੀਸ਼ਤ ਪਤਾ ਕਰੋ ।

(A) 25.5% (B) 27.5% (C) 28.5% (D) 32.5%

96. The total number of illiterate people in Assam and Manipur was _____.

(A) 932170 (B) 981546 (C) 1161160 (D) 524160

ਅਸਾਮ ਅਤੇ ਮਣੀਪੁਰ ਵਿੱਚ ਅਸਾਖਰ ਲੋਕਾਂ ਦੀ ਕੁੱਲ ਗਿਣਤੀ _____ ਸੀ ।

(A) 932170 (B) 981546 (C) 1161160 (D) 524160

97. Find the ratio of number of females in Tripura to the number of females in Haryana.

(A) 14 : 15 (B) 15 : 14 (C) 4 : 7 (D) 20 : 21

ਤ੍ਰਿਪੁਰਾ ਵਿੱਚ ਔਰਤਾਂ ਦੀ ਗਿਣਤੀ ਅਤੇ ਹਰਿਆਣਾ ਵਿੱਚ ਔਰਤਾਂ ਦੀ ਗਿਣਤੀ ਦਾ ਅਨੁਪਾਤ ਪਤਾ ਕਰੋ ।

(A) 14 : 15 (B) 15 : 14 (C) 4 : 7 (D) 20 : 21

98. Find the difference between the number of females in Punjab and the number of females in Haryana.

(A) 39046 (B) 39312 (C) 20348 (D) 43532

ਪੰਜਾਬ ਵਿੱਚ ਔਰਤਾਂ ਦੀ ਗਿਣਤੀ ਅਤੇ ਹਰਿਆਣਾ ਵਿੱਚ ਔਰਤਾਂ ਦੀ ਗਿਣਤੀ ਵਿਚਕਾਰ ਅੰਤਰ ਪਤਾ ਕਰੋ ।

(A) 39046 (B) 39312 (C) 20348 (D) 43532

(Question No. **99-101**) Read the given information carefully and answer the following questions :

Seven candidates, namely, Harry, Sanju, Neel, Shalini, Niki, Lalit, and Suraj, are to be interviewed for selection as trainee officers by seven panels, 1-7, for seven different companies, namely, P, Q, R, S, T, U, V, but not necessarily in the same order.

Neel is interviewed by panel 4 for company P. Sanju is interviewed by panel 3 but not for company R or S. Harry is interviewed for company Q, but not by panel 1 or 2. Niki is interviewed by panel 6 for company T. Panel 7 conducts the interview for company U. Shalini is interviewed by panel 1 but not for company R. Panel 2 does not interview Lalit.

(ਪ੍ਰਸ਼ਨ ਨੰਬਰ **99-101**) ਦਿੱਤੀ ਗਈ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

ਸੱਤ ਉਮੀਦਵਾਰਾਂ - ਹੈਰੀ, ਸੰਜੂ, ਨੀਲ, ਸ਼ਾਲਿਨੀ, ਨਿੱਕੀ, ਲਲਿਤ ਅਤੇ ਸੂਰਜ - ਦੀ ਸਿਖਿਆਰਥੀ ਅਧਿਕਾਰੀ ਵਜੋਂ ਚੋਣ ਲਈ P, Q, R, S, T, U, V ਨਾਮ ਦੀਆਂ ਸੱਤ ਵੱਖ-ਵੱਖ ਕੰਪਨੀਆਂ ਵਾਸਤੇ ਸੱਤ ਪੈਨਲਾਂ 1-7 ਦੁਆਰਾ ਇੰਟਰਵਿਊ ਲਈ ਜਾਣੀ ਹੈ, ਪਰ ਜ਼ਰੂਰੀ ਨਹੀਂ ਕਿ ਇਹ ਇਸੇ ਕ੍ਰਮ ਵਿੱਚ ਹੋਵੇ ।

ਨੀਲ ਦੀ ਇੰਟਰਵਿਊ ਕੰਪਨੀ P ਲਈ ਪੈਨਲ 4 ਦੁਆਰਾ ਲਈ ਜਾਂਦੀ ਹੈ । ਸੰਜੂ ਦੀ ਇੰਟਰਵਿਊ ਪੈਨਲ 3 ਦੁਆਰਾ ਲਈ ਜਾਂਦੀ ਹੈ ਪਰ ਕੰਪਨੀ R ਜਾਂ S ਲਈ ਨਹੀਂ । ਹੈਰੀ ਦੀ ਇੰਟਰਵਿਊ ਕੰਪਨੀ Q ਲਈ ਲਈ ਜਾਂਦੀ ਹੈ, ਪਰ ਪੈਨਲ 1 ਜਾਂ 2 ਦੁਆਰਾ ਨਹੀਂ । ਨਿੱਕੀ ਦੀ ਇੰਟਰਵਿਊ ਕੰਪਨੀ T ਲਈ ਪੈਨਲ 6 ਦੁਆਰਾ ਲਈ ਜਾਂਦੀ ਹੈ । ਪੈਨਲ 7 ਕੰਪਨੀ U ਲਈ ਇੰਟਰਵਿਊ ਲੈਂਦਾ ਹੈ । ਸ਼ਾਲਿਨੀ ਦੀ ਇੰਟਰਵਿਊ ਪੈਨਲ 1 ਦੁਆਰਾ ਲਈ ਜਾਂਦੀ ਹੈ ਪਰ ਕੰਪਨੀ R ਲਈ ਨਹੀਂ। ਪੈਨਲ 2 ਲਲਿਤ ਦੀ ਇੰਟਰਵਿਊ ਨਹੀਂ ਲੈਂਦਾ ।

99. Shalini is interviewed for which company ?
(A) P (B) R (C) T (D) S

ਸ਼ਾਲਿਨੀ ਦੀ ਇੰਟਰਵਿਊ ਕਿਸ ਕੰਪਨੀ ਲਈ ਕੀਤੀ ਗਈ ਹੈ ?
(A) P (B) R (C) T (D) S

100. Panel 2 conducts an interview for which company ?
(A) R (B) Q (C) U (D) V

ਪੈਨਲ 2 ਕਿਸ ਕੰਪਨੀ ਲਈ ਇੰਟਰਵਿਊ ਲੈਂਦਾ ਹੈ ?
(A) R (B) Q (C) U (D) V

101. Who among the following is interviewed for the company U ?
(A) Lalit (B) Sanju (C) Neel (D) Harry

ਹੇਠਾਂ ਦਿੱਤਿਆਂ ਵਿੱਚੋਂ ਕੌਣ ਕੰਪਨੀ U ਲਈ ਇੰਟਰਵਿਊ ਦਿੰਦਾ ਹੈ ?
(A) ਲਲਿਤ (B) ਸੰਜੂ (C) ਨੀਲ (D) ਹੈਰੀ

102. In a coding language, "How can you go" is written as "js ds ks ps", "can you come here" is written as "ns ks ss js" and "come and go" is written as "rs ps ss". How is "here" coded ?
(A) ns (B) ks (C) ss (D) js

ਇੱਕ ਕੋਡਿੰਗ ਭਾਸ਼ਾ ਵਿੱਚ, "How can you go" ਨੂੰ "js ds ks ps" ਲਿਖਿਆ ਜਾਂਦਾ ਹੈ, "can you come here" ਨੂੰ "ns ks ss js" ਲਿਖਿਆ ਜਾਂਦਾ ਹੈ ਅਤੇ "come and go" ਨੂੰ "rs ps ss" ਲਿਖਿਆ ਜਾਂਦਾ ਹੈ। "here" ਨੂੰ ਕਿਵੇਂ ਕੋਡ ਕੀਤਾ ਗਿਆ ਹੈ ?
(A) ns (B) ks (C) ss (D) js

103. There are three statements given below. Read all the statements to decide whether the data provided in the statement/s are sufficient to answer the question.
At which position will Babita speak ?

Statements :

I. There are four speakers before Babita.
II. There are four speakers after Babita.
III. The total number of speakers is seven.

(A) Only II is sufficient.
(B) Either I or II and III is sufficient.
(C) Only III is sufficient.
(D) None of the above options.

ਹੇਠਾਂ ਤਿੰਨ ਕਥਨ ਦਿੱਤੇ ਗਏ ਹਨ। ਇਹ ਫ਼ੈਸਲਾ ਕਰਨ ਲਈ ਸਾਰੇ ਕਥਨ ਪੜ੍ਹੋ ਕਿ ਕੀ ਕਥਨ/ਨਾਂ ਵਿੱਚ ਦਿੱਤਾ ਗਿਆ ਡਾਟਾ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ।
ਬਬੀਤਾ ਕਿਸ ਸਥਾਨ 'ਤੇ ਬੋਲੇਗੀ ?

ਕਥਨ :

I. ਬਬੀਤਾ ਤੋਂ ਪਹਿਲਾਂ ਚਾਰ ਬੁਲਾਰੇ ਹਨ।
II. ਬਬੀਤਾ ਤੋਂ ਬਾਅਦ ਚਾਰ ਬੁਲਾਰੇ ਹਨ।
III. ਬੁਲਾਰਿਆਂ ਦੀ ਕੁੱਲ ਗਿਣਤੀ ਸੱਤ ਹੈ।

(A) ਸਿਰਫ਼ II ਕਾਫੀ ਹੈ।
(B) ਜਾਂ ਤਾਂ I ਜਾਂ II ਅਤੇ III ਕਾਫ਼ੀ ਹਨ।
(C) ਸਿਰਫ਼ III ਕਾਫ਼ੀ ਹੈ।
(D) ਉਪਰੋਕਤ ਵਿੱਚੋਂ ਕੋਈ ਵੀ ਵਿਕਲਪ ਨਹੀਂ।

(Question No. **104-105**) Read the given information carefully and answer the questions :
Rita, Simi, Tina, Kiran, Uma, Vibu, Pooja, and Ziva are standing in a row facing West. Only Tina is between Simi and Uma. Only Vibu is between Uma and Ziva. Pooja and Rita are Kiran's neighbours. Neither Pooja nor Simi is at an extreme end of the row. Ziva is to the right of the Pooja but not necessarily immediate right.

(ਪ੍ਰਸ਼ਨ ਨੰਬਰ **104-105**) ਦਿੱਤੀ ਗਈ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ :
ਰੀਤਾ, ਸ਼ਿਮੀ, ਟੀਨਾ, ਕਿਰਨ, ਉਮਾ, ਵਿਭੂ, ਪੂਜਾ ਅਤੇ ਜ਼ੀਵਾ ਇੱਕ ਕਤਾਰ ਵਿੱਚ ਪੱਛਮ ਵੱਲ ਮੂੰਹ ਕਰਕੇ ਖੜ੍ਹੀਆਂ ਹਨ। ਸਿਰਫ਼ ਟੀਨਾ, ਸਿਮੀ ਅਤੇ ਉਮਾ ਦੇ ਵਿਚਕਾਰ ਹੈ। ਸਿਰਫ਼ ਵਿਭੂ, ਉਮਾ ਅਤੇ ਜ਼ੀਵਾ ਦੇ ਵਿਚਕਾਰ ਹੈ। ਪੂਜਾ ਅਤੇ ਰੀਤਾ, ਕਿਰਨ ਦੀਆਂ ਗੁਆਂਢਣਾਂ ਹਨ। ਨਾ ਤਾਂ ਪੂਜਾ ਅਤੇ ਨਾ ਹੀ ਸਿਮੀ ਕਤਾਰ ਦੇ ਕਿਸੇ ਆਖ਼ਰੀ ਸਿਰੇ 'ਤੇ ਹਨ। ਜ਼ੀਵਾ, ਪੂਜਾ ਦੇ ਸੱਜੇ ਪਾਸੇ ਹੈ ਪਰ ਜ਼ਰੂਰੀ ਨਹੀਂ ਕਿ ਬਿਲਕੁਲ ਨਾਲ ਸੱਜੇ ਪਾਸੇ ਹੋਵੇ।

104. Who among the following are neighbours ?
(A) Pooja, Rita (B) Ziva, Rita (C) Pooja, Simi (D) Rita, Simi

ਹੇਠ ਲਿਖਿਆਂ ਵਿੱਚੋਂ ਕੌਣ ਗੁਆਂਢੀ ਹਨ ?
(A) ਪੂਜਾ, ਰੀਤਾ (B) ਜ਼ੀਵਾ, ਰੀਤਾ (C) ਪੂਜਾ, ਸਿਮੀ (D) ਰੀਤਾ, ਸਿਮੀ

105. Which of the following defines the position of Vibu ?
(A) Vibu is at extreme left end.
(B) Vibu is second to the left of Tina.
(C) Vibu is on the immediate right of Ziva.
(D) Vibu is on the immediate right of Uma.

ਹੇਠ ਲਿਖਿਆਂ ਵਿੱਚੋਂ ਕਿਹੜਾ ਵਿਭੂ ਦੀ ਸਥਿਤੀ ਨੂੰ ਦਰਸਾਉਂਦਾ ਹੈ ?
(A) ਵਿਭੂ ਬਿਲਕੁਲ ਖੱਬੇ ਸਿਰੇ 'ਤੇ ਹੈ।
(B) ਵਿਭੂ ਟੀਨਾ ਦੇ ਖੱਬੇ ਪਾਸੇ ਦੂਜੇ ਸਥਾਨ 'ਤੇ ਹੈ।
(C) ਵਿਭੂ ਜ਼ੀਵਾ ਦੇ ਬਿਲਕੁਲ ਸੱਜੇ ਪਾਸੇ ਹੈ।
(D) ਵਿਭੂ ਉਮਾ ਦੇ ਬਿਲਕੁਲ ਸੱਜੇ ਪਾਸੇ ਹੈ।

106. Kamal is the brother of Tarun. Manavi is the mother of Kamal. Varun is the brother of Manavi. How is Varun related to Tarun ?

(A) Paternal Uncle (B) Grandfather
(C) Maternal Uncle (D) Inadequate data

ਕਮਲ, ਤਰੁਨ ਦਾ ਭਰਾ ਹੈ । ਮਾਨਵੀ, ਕਮਲ ਦੀ ਮਾਂ ਹੈ । ਵਰੁਣ, ਮਾਨਵੀ ਦਾ ਭਰਾ ਹੈ । ਵਰੁਣ ਦਾ ਤਰੁਨ ਨਾਲ ਕੀ ਰਿਸ਼ਤਾ ਹੈ ?

(A) ਚਾਚਾ (B) ਦਾਦਾ
(C) ਮਾਮਾ (D) ਨਾਕਾਫ਼ੀ ਜਾਣਕਾਰੀ

107. What will come in place of the question mark in the given series ?
3, 4, 12, ?, 196.

(A) 54 (B) 45 (C) 36 (D) 41

ਦਿੱਤੀ ਗਈ ਲੜੀ ਵਿੱਚ ਪ੍ਰਸ਼ਨ ਚਿੰਨ੍ਹ ਦੀ ਥਾਂ 'ਤੇ ਕੀ ਆਵੇਗਾ ?
3, 4, 12, ? , 196.

(A) 54 (B) 45 (C) 36 (D) 41

(Question No. **108-109**) Study the given arrangement carefully and answer the questions.
W T D I 5 M K % L $ 3 7 F E B # 1 G H A * ! J U V 2 4

(ਪ੍ਰਸ਼ਨ ਨੰਬਰ **108-109**) ਦਿੱਤੀ ਗਈ ਤਰਤੀਬ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ ।
W T Đ I 5 M K % L $ 3 7 F E B # 1 G H A * ! J U V 2 4

108. Which element is exactly midway between the eighth element from the left and the tenth element from the right ?

(A) # (B) F (C) 1 (D) B

ਖੱਬੇ ਪਾਸੇ ਤੋਂ ਅੱਠਵੇਂ ਤੱਤ ਅਤੇ ਸੱਜੇ ਪਾਸੇ ਤੋਂ ਦਸਵੇਂ ਤੱਤ ਦੇ ਬਿਲਕੁਲ ਵਿਚਕਾਰ ਕਿਹੜਾ ਤੱਤ ਹੈ ?

(A) # (B) F (C) 1 (D) B

109. In the above arrangement, find the number of such vowels which are immediately preceded as well as immediately followed by a consonant.

(A) One (B) Two (C) Three (D) None

ਉਪਰੋਕਤ ਤਰਤੀਬ ਵਿੱਚ, ਅਜਿਹੇ ਸਵਰਾਂ ਦੀ ਗਿਣਤੀ ਪਤਾ ਕਰੋ ਜਿਨ੍ਹਾਂ ਦੇ ਬਿਲਕੁਲ ਪਹਿਲਾਂ ਅਤੇ ਬਿਲਕੁਲ ਬਾਅਦ ਵਿੱਚ ਇੱਕ ਵਿਅੰਜਨ ਆਉਂਦਾ ਹੈ ।

(A) ਇੱਕ (B) ਦੋ (C) ਤਿੰਨ (D) ਕੋਈ ਨਹੀਂ

110. Rohan walked 18 km towards North, after that he took a left turn and walked 4 km. Thereafter, he took a right turn and walked 12 km. How far has Rohan walked from the starting point and in which direction ?

(A) 34 km South (B) 34 km North (C) 6 km West (D) 8 km South

ਰੋਹਨ ਉੱਤਰ ਵੱਲ 18 ਕਿਲੋਮੀਟਰ ਚੱਲਿਆ, ਉਸ ਤੋਂ ਬਾਅਦ ਉਹ ਖੱਬੇ ਪਾਸੇ ਮੁੜਿਆ ਅਤੇ 4 ਕਿਲੋਮੀਟਰ ਚੱਲਿਆ । ਇਸ ਤੋਂ ਬਾਅਦ, ਉਹ ਸੱਜੇ ਪਾਸੇ ਮੁੜਿਆ ਅਤੇ 12 ਕਿਲੋਮੀਟਰ ਚੱਲਿਆ । ਰੋਹਨ ਸ਼ੁਰੂਆਤੀ ਬਿੰਦੂ ਤੋਂ ਕਿੰਨੀ ਦੂਰ ਅਤੇ ਕਿਸ ਦਿਸ਼ਾ ਵਿੱਚ ਪਹੁੰਚ ਗਿਆ ਹੈ ?

(A) 34 ਕਿਲੋਮੀਟਰ ਦੱਖਣ (B) 34 ਕਿਲੋਮੀਟਰ ਉੱਤਰ
(C) 6 ਕਿਲੋਮੀਟਰ ਪੱਛਮ (D) 8 ਕਿਲੋਮੀਟਰ ਦੱਖਣ

111. If the time displayed on the clock is 3:10, find the angle between the hour hand and minute hand of that clock.

(A) 45° (B) 60° (C) 35° (D) 95°

ਜੇਕਰ ਘੜੀ 'ਤੇ ਸਮਾਂ 3:10 ਦਿਖਾਈ ਦੇ ਰਿਹਾ ਹੈ, ਤਾਂ ਉਸ ਘੜੀ ਦੀ ਘੰਟਿਆਂ ਵਾਲੀ ਸੂਈ ਅਤੇ ਮਿੰਟਾਂ ਵਾਲੀ ਸੂਈ ਵਿਚਕਾਰ ਕੋਣ ਪਤਾ ਕਰੋ।

(A) 45° (B) 60° (C) 35° (D) 95°

(Question No. **112-113**) A statement is followed by certain conclusions. Considering the statement to be true, decide which of the following conclusions logically follow from the given statement.

(ਪ੍ਰਸ਼ਨ ਨੰਬਰ **112-113**) ਇੱਕ ਕਥਨ ਤੋਂ ਬਾਅਦ ਕੁਝ ਸਿੱਟੇ ਦਿੱਤੇ ਗਏ ਹਨ। ਕਥਨ ਨੂੰ ਸੱਚ ਮੰਨਦੇ ਹੋਏ, ਇਹ ਫ਼ੈਸਲਾ ਕਰੋ ਕਿ ਹੇਠਾਂ ਦਿੱਤੇ ਸਿੱਟਿਆਂ ਵਿੱਚੋਂ ਕਿਹੜਾ ਦਿੱਤੇ ਗਏ ਕਥਨ ਤੋਂ ਤਰਕਪੂਰਨ ਤੌਰ 'ਤੇ ਨਿਕਲਦਾ ਹੈ।

112. **Statement :** All samples are rabbits. All rabbits are cups. Some cups are Tables.

Conclusions :

I. Some tables are samples.
II. Some cups are samples.
III. Some tables are rabbits.

(A) Only I follows. (B) Only II follows.
(C) Only I, III follows. (D) None follows.

ਕਥਨ : ਸਾਰੇ ਨਮੂਨੇ ਖ਼ਰਗੋਸ਼ ਹਨ। ਸਾਰੇ ਖ਼ਰਗੋਸ਼ ਕੱਪ ਹਨ। ਕੁਝ ਕੱਪ ਮੇਜ਼ ਹਨ।

ਸਿੱਟੇ :

I. ਕੁਝ ਮੇਜ਼ ਨਮੂਨੇ ਹਨ।
II. ਕੁਝ ਕੱਪ ਨਮੂਨੇ ਹਨ।
III. ਕੁਝ ਮੇਜ਼ ਖਰਗੋਸ਼ ਹਨ।

(A) ਸਿਰਫ਼ I ਸਹੀ ਹੈ। (B) ਸਿਰਫ਼ II ਸਹੀ ਹੈ।
(C) ਸਿਰਫ਼ I, III ਸਹੀ ਹਨ। (D) ਕੋਈ ਵੀ ਸਹੀ ਨਹੀਂ ਹੈ।

113. **Statement :** Some purses are bats. Some bats are pens. Some pens are rats. All bats are soaps.

Conclusions :

I. All pens are bats.
II. All purses are pens.
III. Some soaps are purses.
IV. All soaps are bats.

(A) Only III follows. (B) Only II follows.
(C) Only I follows. (D) None follows.

ਕਥਨ : ਕੁਝ ਪਰਸ ਬੈਟ ਹਨ। ਕੁਝ ਬੈਟ ਪੈੱਨ ਹਨ। ਕੁਝ ਪੈੱਨ ਚੂਹੇ ਹਨ। ਸਾਰੇ ਬੈਟ ਸਾਬਣ ਹਨ।

ਸਿੱਟੇ :

I. ਸਾਰੇ ਪੈੱਨ ਬੈਟ ਹਨ।
II. ਸਾਰੇ ਪਰਸ ਪੈੱਨ ਹਨ।
III. ਕੁਝ ਸਾਬਣ ਪਰਸ ਹਨ।
IV. ਸਾਰੇ ਸਾਬਣ ਬੈਟ ਹਨ।

(A) ਸਿਰਫ਼ III ਸਹੀ ਹੈ। (B) ਸਿਰਫ਼ II ਸਹੀ ਹੈ।
(C) ਸਿਰਫ਼ I ਸਹੀ ਹੈ। (D) ਕੋਈ ਵੀ ਸਹੀ ਨਹੀਂ ਹੈ।